# ਸੰਗਤਿ

## ਭਾਗ–7

ਇਸ ਲੜੀ ਦੇ ਪਿਛਲੇ ਭਾਗਾਂ ਵਿਚ 'ਸੰਗਤ' ਦੀਆਂ ਹੇਠ ਲਿਖੀਆਂ ਕਿਸਮਾਂ ਦੀ ਵਿਚਾਰ ਕੀਤੀ ਜਾ ਚੁਕੀ ਹੈ :—

1. 'ਸਰੀਰਕ' ਸੰਗਤ
2. 'ਮਾਨਸਿਕ' ਸੰਗਤ
3. 'ਸ਼ਖਸੀਅਤ' ਦੀ ਸੰਗਤ
4. 'ਮੁਰਦਿਆਂ' ਦੀ ਸੰਗਤ
5. 'ਕੁਦਰਤ' ਦੀ ਸੰਗਤ
6. 'ਬਚਨਾਂ' ਦੀ ਸੰਗਤ
7. 'ਨਿਗਾਹ' ਦੀ ਸੰਗਤ

ਇਸ ਲੇਖ ਵਿਚ ਕੁਝ ਹੋਰ ਕਿਸਮਾਂ ਦੀ ਸੰਗਤ ਬਾਬਤ ਵਿਚਾਰ ਕੀਤੀ ਜਾਂਦੀ ਹੈ :—

8. 'ਲਿਖਤਾਂ' ਦੀ ਸੰਗਤ : —

ਸਾਡੇ ਖਿਆਲਾਂ, ਭਾਵਨਾਵਾਂ ਅਤੇ ਵਲਵਲਿਆਂ ਦੇ ਪ੍ਰਗਟਾਉਣ ਦੇ ਸਾਧਨਾਂ ਵਿਚੋਂ 'ਲਿਖਤ' ਇਕ ਉਤਮ ਅਤੇ ਕਾਰਗਰ ਸਾਧਨ ਹੈ ।

'ਬਚਨ' ਅਥਵਾ 'ਬੋਲੀ' ਦੁਆਰਾ ਪ੍ਰਗਟ ਕੀਤੇ ਹੋਏ ਖਿਆਲਾਂ ਅਥਵਾ ਭਾਵਨਾਵਾਂ ਦਾ ਕੇਵਲ ਸਰੋਤਿਆਂ ਉਤੇ ਬਹੁਤ ਥੋੜੇ ਸਮੇਂ ਲਈ ਅਸਰ ਰਹਿੰਦਾ ਹੈ, ਜੋ ਛੇਤੀ ਹੀ ਭੁਲ ਜਾਂਦਾ ਹੈ ।ਪਰ 'ਲਿਖਤ' ਵਿਚ ਅੰਕਿਤ ਕੀਤੇ ਗਏ ਖਿਆਲ ਅਥਵਾ ਭਾਵਨਾਵਾਂ ਅਨੰਤ ਸਮੇਂ ਤਾਈਂ ਸਾਂਭ ਕੇ ਰਖੀਆਂ ਜਾ ਸਕਦੀਆਂ ਹਨ ਅਤੇ ਆਉਂਦੀਆਂ ਪੀੜ੍ਹੀਆਂ ਲਈ ਵਡ–ਮੁੱਲਾ ਖ਼ਜ਼ਾਨਾ ਬਣਦਾ ਹੈ ।

ਭਾਵੇਂ ਇਹ 'ਲਿਖਤਾਂ' ਕਾਗਜ਼–ਕਲਮ ਯਾ ਛਾਪੇ ਖਾਨੇ ਰਾਹੀਂ ਸਾਂਭ ਕੇ ਰਖੀਆਂ ਜਾਂਦੀਆਂ ਹਨ—ਪਰ ਇਹਨਾਂ ਮਾਦੀ ਦੀਸਣਹਾਰ ਅੱਖਰਾਂ ਦੇ ਪਿਛੇ 'ਲਿਖਾਰੀ' ਦੀਆਂ ਭਾਵਨਾਵਾਂ, ਸੂਖਮ ਵਲਵਲਿਆਂ ਦੇ ਕਟਾਖ ਅਤੇ ਸ਼ਰਧਾ–ਭਾਵਨੀ ਦੀ 'ਪ੍ਰੇਮ ਸਵੈਪਨਾ' ਸਦਾ ਲਈ ਉਸੇ ਤਰ੍ਹਾਂ ਝਲਕਾਂ ਮਾਰਦੀ ਹੈ ।

ਕਈਆਂ ਸਦੀਆਂ ਮਗਰੋਂ ਜਦ ਭੀ ਇਹਨਾਂ ਲਿਖਤਾਂ ਨੂੰ ਪੜ੍ਹਦੇ ਅਤੇ ਵਿਚਾਰ ਕਰਦੇ ਹਾਂ ਤਾਂ ਲਿਖਾਰੀ ਦੀਆਂ ਅਤਿ ਸੂਖਮ, ਡੂੰਘੀਆਂ, ਤੀਖਣ ਭਾਵਨਾਵਾਂ ਅਤੇ ਵਲਵਲਿਆਂ ਦਾ ਸਾਡੇ ਮਨ ਤੇ 'ਜਾਦੂ' ਵਰਗਾ ਅਸਰ ਹੁੰਦਾ ਹੈ ।

ਇਸੇ ਲਈ 'ਗੁਰਬਾਣੀ' ਅਤੇ ਹੋਰ ਅਵਤਾਰਾਂ ਦੀਆਂ 'ਬਾਣੀਆਂ' ਕਈ ਸਦੀਆਂ ਮਗਰੋਂ ਭੀ, ਉਸੇ ਤਰ੍ਹਾਂ ਤਾਜ਼ੀਆਂ, ਜਿਉਂਦੀਆਂ-ਜਾਗਦੀਆਂ, ਅਸਰਦਾਇਕ ਹੁੰਦੀਆਂ ਹਨ ਅਤੇ ਸਾਡੇ ਜਨਮਾਂ-ਜਨਮਾਂ ਤੋਂ ਸੁਤੇ ਹੋਏ ਸੂਖਮ ਵਲਵਲਿਆਂ ਤੇ ਸ਼ਰਧਾ-ਭਾਵਨੀ ਨੂੰ ਮੁੜ ਜਗਾਉਣ ਵਿਚ ਜਾਦੂ ਦਾ ਕੰਮ ਕਰਦੀਆਂ ਹਨ ।

ਇਹਨਾਂ ਇਲਾਹੀ 'ਬਾਣੀਆਂ' ਅਥਵਾ ਸੰਤਾਂ-ਭਗਤਾਂ ਦੀਆਂ 'ਲਿਖਤਾਂ' ਨੂੰ ਪੜ੍ਹ ਕੇ, ਵਿਚਾਰ ਕੇ, ਸਾਡਾ ਮਨ ਕਿਸੇ ਆਤਮਿਕ ਰਸ ਅਤੇ ਪ੍ਰੇਮ ਸਵੈਪਨਾ ਦੇ ਹੁਲਾਰੇ ਮਾਣਦਾ ਹੈ ।

ਹਉ ਵਾਰੀ ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ ॥
ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥
(ਪੰਨਾ-127)

ਰਾਮ ਪੜਹੁ ਮਨਿ ਕਰਹੁ ਬੀਚਾਰੁ ॥
ਗੁਰ ਪਰਸਾਦੀ ਮੈਲੁ ਉਤਾਰੁ ॥ (ਪੰਨਾ-230)

ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥ (ਪੰਨਾ-952)

ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥ (ਪੰਨਾ-1329)

ਦੂਜੇ ਪਾਸੇ, ਜੇ ਲਿਖਾਰੀ ਮਾਇਕੀ ਰੰਗਤ ਦੀਆਂ ਤੀਬਰ ਅਤੇ ਤੀਖਣ ਭਾਵਨਾਵਾਂ ਨਾਲ ਕੋਈ 'ਲੇਖਣੀ' ਲਿਖਦਾ ਹੈ ਤਾਂ ਉਸ ਦਾ ਭੀ ਦੁਨਿਆਵੀ ਮਨਾਂ ਉਤੇ ਅਤਿ ਡੂੰਘਾ ਤੇ ਤੀਬਰ ਅਸਰ ਹੁੰਦਾ ਹੈ ।

ਇਸ ਕਲਜੁਗੀ ਜ਼ਮਾਨੇ ਵਿਚ ਐਸੀ ਮਾਇਕੀ ਰੰਗਤ ਅਥਵਾ ਨੀਵੇਂ ਵਲਵਲਿਆਂ ਵਾਲਾ ਬੇਅੰਤ 'ਸਾਹਿਤ' ਛਪਿਆ ਹੋਇਆ ਹੈ, ਜਿਸ ਨੂੰ ਪੜ੍ਹ ਕੇ ਖਲਕਤ ਦੇ ਜੀਵ ਮਾਇਕੀ ਰੰਗਤ ਦੇ ਨੀਵੇਂ ਖਿਆਲਾਂ ਅਤੇ ਵਲਵਲਿਆਂ ਦੀ ਰੋੜ੍ਹ ਵਿਚ ਸਹਿਜ-ਸੁਭਾਇ ਰੁੜ੍ਹੇ ਜਾ ਰਹੇ ਹਨ ।

ਤੀਨਿ ਭਵਨ ਮਹਿ ਏਕਾ ਮਾਇਆ ॥
ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ ॥ (ਪੰਨਾ-424)

ਕਹਾਵਤ ਹੈ ਕਿ ਕਿਸੇ ਬੰਦੇ ਦਾ 'ਆਚਾਰ' ਜਾਂਚਣ ਲਈ, ਕਿਸੇ ਨੂੰ ਪੁਛਣ ਦੀ ਲੋੜ ਨਹੀਂ—ਉਸ ਦੇ ਸਰ੍ਹਾਣੇ ਪਈਆਂ ਕਿਤਾਬਾਂ ਦੇਖ ਲਵੋ । ਉਨ੍ਹਾਂ ਕਿਤਾਬਾਂ ਤੋਂ ਜ਼ਾਹਰ ਹੋ ਜਾਵੇਗਾ ਕਿ ਉਸ ਦੀ 'ਰੁਚੀ' ਯਾ ਮਨ ਦੀ 'ਰੰਗਤ' ਕਿਹੋ ਜਿਹੀ ਹੈ ।

ਜੇ ਕੋਈ ਕਿਤਾਬ ਦੂਜੀ ਵਾਰੀ ਪੜ੍ਹੀ ਜਾਵੇ ਤਾਂ ਪੱਕਾ ਸਬੂਤ ਹੋ ਜਾਂਦਾ ਹੈ ਕਿ ਉਸ ਦਾ 'ਆਚਾਰ', ਕਿਤਾਬ ਦੇ ਖਿਆਲਾਂ ਯਾ ਵਲਵਲਿਆਂ ਦੀ 'ਰੰਗਤ' ਵਾਲਾ ਹੈ, ਭਾਵੇਂ ਉਹ ਉਪਰੋਂ ਕਿਹੋ ਜਿਹਾ ਵੀ ਬਣਿਆ ਫਿਰੇ !

ਇਸੇ ਤਰ੍ਹਾਂ ਕੌਮਾਂ, ਦੇਸ਼ਾ ਅਤੇ ਵਿਸ਼ਵ ਦੇ ਆਚਾਰ ਅਤੇ ਇਖ਼ਲਾਕ ਦੀ ਬਾਬਤ ਪਰਖ ਕੀਤੀ ਜਾ ਸਕਦੀ ਹੈ। ਜਿਸ ਕੌਮ ਅਥਵਾ ਦੇਸ਼ ਵਿਚ ਜਿਹੋ-ਜਿਹਾ ਸਾਹਿਤ ਬਹੁਤਾ ਪੜ੍ਹਿਆ ਜਾਵੇ, ਅਥਵਾ ਉਨ੍ਹਾਂ ਦੀ ਰੁਚੀ ਜਿਸ ਸਾਹਿਤ ਨੂੰ ਪੜ੍ਹਨ ਦੀ ਹੋਵੇ ਅਤੇ ਜਿਸ ਕਿਸਮ ਦਾ ਸਾਹਿਤ ਬਹੁਤ 'ਪ੍ਰਚਲਤ' ਹੋਵੇ — ਉਸ ਕੌਮ ਅਤੇ ਦੇਸ਼ ਦਾ ਆਚਾਰ ਅਤੇ ਇਖ਼ਲਾਕ ਭੀ ਓਹੋ ਜਿਹਾ ਹੀ ਹੁੰਦਾ ਹੈ।

ਦੂਜੇ ਲਫ਼ਜ਼ਾਂ ਵਿਚ ਸਾਹਿਤ ਹੀ ਜੀਵ, ਕੌਮ, ਮੁਲਕ ਅਤੇ ਵਿਸ਼ਵ ਦੇ ਆਚਰਣ ਅਤੇ ਜੀਵਨ ਦੀ ਕਦਰ-ਕੀਮਤ ਨੂੰ ਪਰਖਣ ਦੀ ਕਸਵੱਟੀ ਹੈ।

ਇਸ ਜ਼ਮਾਨੇ ਅੰਦਰ ਕੌਮਾਂ, ਦੇਸ਼ਾਂ ਅਤੇ ਵਿਸ਼ਵ ਵਿਚ ਮਲੀਨ, ਨੀਂਵੀਆਂ ਵਾਸ਼ਨਾਵਾਂ ਦੀ ਰੰਗਤ ਵਾਲੇ ਸਾਹਿਤ ਲਈ ਪ੍ਰਬਲ ਰੁਚੀ ਹੈ — ਜਿਸ ਕਾਰਨ ਸਮੁੱਚੇ ਵਿਸ਼ਵ ਦੀ ਮਾਨਸਿਕ ਅਵਸਥਾ ਅਤੇ 'ਇਖ਼ਲਾਕ' ਗਿਰਾਵਟ ਵਲ ਰੁੜ੍ਹਿਆ ਜਾ ਰਿਹਾ ਹੈ ਅਤੇ ਉਤਮ ਦੈਵੀ ਜੀਵਨ-ਸੇਧ ਦੇਣ ਵਾਲੇ ਸਾਹਿਤ ਲਈ ਰੁਚੀ ਅਥਵਾ ਮੰਗ ਘਟਦੀ ਜਾ ਰਹੀ ਹੈ।

ਮੰਗ ਅਤੇ ਪੂਰਤੀ (demand and supply) ਦੇ ਨਿਯਮ ਅਨੁਸਾਰ ਜਿਹੋ-ਜਿਹੀ 'ਰੁਚੀ' ਅਥਵਾ 'ਮੰਗ' ਹੁੰਦੀ ਹੈ, ਓਹੋ ਜਿਹਾ ਹੀ ਸਾਹਿਤ ਲਿਖਿਆ ਜਾਂਦਾ ਹੈ। ਇਸ ਲਈ ਲਿਖਾਰੀਆਂ ਨੂੰ ਮਜਬੂਰ ਹੋ ਕੇ ਜਨਤਾ ਦੀ 'ਰੁਚੀ' ਅਨੁਸਾਰ ਹੀ ਸਾਹਿਤ ਲਿਖਣਾ ਪੈਂਦਾ ਹੈ। ਇਸੇ ਕਾਰਨ ਅਜੋਕੇ ਸਾਹਿਤਕਾਰਾਂ ਦੀ ਮਾਨਸਿਕ ਰੰਗਤ ਭੀ ਮਾਇਕੀ ਮਲੀਨ ਵਾਸ਼ਨਾਵਾਂ ਵਾਲੀ ਹੁੰਦੀ ਜਾ ਰਹੀ ਹੈ।

ਜੇ ਕੋਈ ਗੁਰਮੁਖ ਉਚੀਆਂ-ਸੁਚੀਆਂ ਆਤਮਿਕ ਲੇਖਣੀਆਂ ਲਿਖਦਾ ਭੀ ਹੈ ਤਾਂ ਪ੍ਰਕਾਸ਼ਕ (publisher) ਉਹਨਾਂ ਨੂੰ ਛਾਪਣ ਲਈ ਤਿਆਰ ਨਹੀਂ ਹੁੰਦੇ, ਕਿਉਂਕਿ ਇਹਨਾਂ ਦੀ ਮੰਗ ਬਾਜ਼ਾਰ ਵਿਚ ਬਹੁਤ ਘਟ ਹੁੰਦੀ ਹੈ ਜਿਸ ਕਾਰਨ ਉਹਨਾਂ ਦੀ ਪੂੰਜੀ ਰੁਕ (block) ਜਾਂਦੀ ਹੈ।

ਇਸ ਤਰ੍ਹਾਂ ਕਿਤਾਬਾਂ ਯਾ ਗ੍ਰੰਥਾਂ ਨੂੰ — ਪੜ੍ਹਨਾ, ਸੁਣਨਾ, ਗਾਉਣਾ, ਵਿਚਾਰ ਕਰਨਾ, ਅਸਰ ਲੈਣਾ ਹੀ, ਸਾਡੇ ਮਨ ਦਾ 'ਲਿਖਤਾਂ' ਨਾਲ 'ਸੰਗਤ' ਯਾ 'ਕੁਸੰਗਤ' ਕਰਨੀ ਹੈ, ਜਿਸ ਦਾ ਅਸਰ ਅਤਿ ਡੂੰਘਾ, ਤੀਬਰ, ਤੀਖਣ ਅਤੇ ਸ਼ਕਤੀਮਾਨ ਹੁੰਦਾ ਹੈ।

ਇਹਨਾਂ 'ਲਿਖਤਾਂ' ਦੀ 'ਸੰਗਤ' ਘਰ ਬੈਠਿਆਂ ਭੀ ਹੋ ਸਕਦੀ ਹੈ ਅਤੇ ਇਸ ਦਾ 'ਅਸਰ' ਭੀ ਦੇਰ ਤਾਈਂ ਰਹਿੰਦਾ ਹੈ।

ਉਤਮ ਆਤਮਿਕ 'ਗ੍ਰੰਥਾਂ' ਅਥਵਾ ਗੁਰਬਾਣੀ ਦੀ 'ਸੰਗਤ' ਕਰਨ ਨਾਲ ਅਤਿਅੰਤ

ਆਤਮਿਕ ਲਾਹੇ ਪ੍ਰਾਪਤ ਹੁੰਦੇ ਹਨ ।

ਪਰ ਅਤਿਅੰਤ ਦੁਖ ਦੀ ਗੱਲ ਹੈ ਕਿ ਕਿਤਾਬਾਂ ਦੀਆਂ ਦੁਕਾਨਾਂ ਉਤੇ 'ਨਾਵਲਾਂ' ਅਤੇ ਹੋਰ ਅਨੇਕਾਂ ਰਾਜਸੀ ਅਤੇ ਤਾਮਸੀ ਰੰਗਤ ਵਾਲੀਆਂ ਕਿਤਾਬਾਂ ਅਤੇ ਅਖਬਾਰਾਂ ਦੀ ਭਰਮਾਰ ਹੈ, ਜੋ ਆਮ ਖਲਕਤ ਬੜੇ ਸ਼ੌਕ ਤੇ ਦਿਲਚਸਪੀ ਨਾਲ ਖਰੀਦਦੀ ਤੇ ਪੜ੍ਹਦੀ ਹੈ ।

ਇਸ ਦੇ ਉਲਟ — ਗੁਰਮੁਖ ਪਿਆਰਿਆਂ ਭਗਤਾਂ, ਸੰਤਾਂ — ਜਿਹਾ ਕਿ ਭਾਈ ਗੁਰਦਾਸ ਜੀ, ਡਾ. ਭਾਈ ਵੀਰ ਸਿੰਘ ਜੀ ਅਤੇ ਪ੍ਰੋ. ਪੂਰਨ ਸਿੰਘ ਜੀ ਆਦਿ ਦੀਆਂ ਉਤਮ ਦੈਵੀ ਰਚਨਾਵਾਂ ਦੇ ਗਾਹਕ ਟਾਂਵੇਂ-ਟਾਂਵੇਂ ਹੀ ਹੁੰਦੇ ਹਨ ਅਤੇ ਇਹਨਾਂ ਲਿਖਤਾਂ ਤੋਂ ਪੂਰਾ ਆਤਮਿਕ ਲਾਹਾ ਲੈ ਕੇ ਸਹੀ ਜੀਵਨ-ਸੇਧ ਵਾਲੇ ਉਸ ਤੋਂ ਭੀ ਘਟ ਹੁੰਦੇ ਹਨ।

ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥
(ਪੰਨਾ-128)

ਪੜਿਆ ਬੂਝੈ ਸੋ ਪਰਵਾਣੁ ॥
ਜਿਸੁ ਸਿਰਿ ਦਰਗਹ ਕਾ ਨੀਸਾਣੁ ॥ (ਪੰਨਾ-662)

ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥
ਵਾਦੁ ਵਖਾਣਹਿ ਤਤੁ ਨ ਜਾਣਾ ॥ (ਪੰਨਾ-1032)

ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥
ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ ॥ (ਪੰਨਾ-1053)

ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥ (ਪੰਨਾ-1102-03)

ਗਾਵਨਿ ਪੜਨਿ ਬਿਚਾਰਿ ਬਹੁ ਕੋਟਿ ਮਧੇ ਵਿਰਲਾ ਗਤਿ ਪਾਵੈ ।
(ਵਾ. ਭਾ. ਗੁ. 1/8)

ਇਸੇ ਲਈ 'ਜੀਵਨ' ਨੂੰ ਉਤਮ 'ਆਤਮਿਕ ਸੇਧ' ਦੇਣ ਲਈ ਉਚੀਆਂ ਅਤੇ ਦੈਵੀ ਭਾਵਨਾਵਾਂ ਵਾਲੇ ਸਾਹਿਤ (sublime literature) ਦੇ ਲਿਖਣ ਦੀ ਵਡਿਆਈ ਤੇ ਪ੍ਰੇਰਨਾ ਕੀਤੀ ਗਈ ਹੈ ।

ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥ (ਪੰਨਾ-16)

ਹਸਤ ਪੁਨੀਤ ਹੋਹਿ ਤਤਕਾਲ ॥ ਬਿਨਸਿ ਜਾਹਿ ਮਾਇਆ ਜੰਜਾਲ ॥
ਰਸਨਾ ਰਮਹੁ ਰਾਮ ਗੁਣ ਨੀਤ ॥ ਸੁਖੁ ਪਾਵਹੁ ਮੇਰੇ ਭਾਈ ਮੀਤ ॥

ਲਿਖੁ ਲੇਖਣਿ ਕਾਗਦਿ ਮਸਵਾਣੀ ॥
ਰਾਮ ਨਾਮ ਹਰਿ ਅੰਮ੍ਰਿਤ ਬਾਣੀ ॥ (ਪੰਨਾ–185)

ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ ॥ (ਪੰਨਾ–322)

ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ ॥ (ਪੰਨਾ–709)

ਗੁਨ ਗਾਇ ਸੁਨਿ ਲਿਖਿ ਦੇਇ ॥ ਸੋ ਸਰਬ ਫਲ ਹਰਿ ਲੇਇ ॥
ਕੁਲ ਸਮੂਹ ਕਰਤ ਉਧਾਰੁ ॥
ਸੰਸਾਰੁ ਉਤਰਸਿ ਪਾਰਿ ॥ (ਪੰਨਾ–838)

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥ (ਪੰਨਾ–930)

ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥ (ਪੰਨਾ–1291)

ਦੂਜੇ ਪਾਸੇ ਨੀਵੇਂ ਮਾਇਕੀ ਰੰਗਤ ਵਾਲੇ ਸਾਹਿਤ ਦੇ 'ਲਿਖਣ' ਦੀ ਬਾਬਤ ਗੁਰਬਾਣੀ ਇਉਂ ਤਾੜਨਾ ਕਰਦੀ ਹੈ—

ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ ॥
ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ॥ (ਪੰਨਾ–84)

ਲਿਖਦਿਆ ਲਿਖਦਿਆ ਕਾਗਦੁ ਮਸੁ ਖੋਈ ॥
ਦੂਜੈ ਭਾਇ ਸੁਖੁ ਪਾਏ ਨ ਕੋਈ
ਕੂੜੁ ਲਿਖਹਿ ਤੈ ਕੂੜੁ ਕਮਾਵਹਿ
ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥ (ਪੰਨਾ–123)

ਨੀਵੀਆਂ ਰੁਚੀਆਂ ਵਾਲੀਆਂ ਲਿਖਤਾਂ ਦੀ ਕੁਸੰਗਤ ਦੁਆਰਾ ਸਾਡੇ ਮਨ ਉਤੇ ਅਤਿਅੰਤ ਮੈਲਾ ਅਤੇ ਹਾਨੀਕਾਰਕ ਅਸਰ ਹੁੰਦਾ ਹੈ, ਜੋ ਸਾਡੇ ਕਈ ਜਨਮਾਂ ਤਾਈਂ ਨਾਲ ਜਾਂਦਾ ਹੈ ।

ਨੀਵੀਆਂ ਰੁਚੀਆਂ ਵਾਲੀਆਂ ਲਿਖਤਾਂ ਯਾ ਕਿਤਾਬਾਂ ਪੜ੍ਹ ਕੇ ਸਾਡਾ ਮਨ ਇਤਨਾ ਮਲੀਨ ਅਤੇ ਕਠੋਰ ਹੋ ਜਾਂਦਾ ਹੈ ਕਿ ਸਾਨੂੰ ਉਚੀਆਂ ਦੈਵੀ 'ਲਿਖਤਾਂ' ਯਾ ਗੁਰਬਾਣੀ ਨੂੰ ਪੜ੍ਹਨ ਅਥਵਾ ਵਿਚਾਰਨ ਦੀ ਰੁਚੀ ਹੀ ਨਹੀਂ ਉਪਜਦੀ ।

ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ ॥
ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ ॥ (ਪੰਨਾ–84)

ਦੂਜੈ ਭਾਇ ਪੜੈ ਨਹੀ ਬੂਝੈ ॥

ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥ (ਪੰਨਾ–127)

ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥
ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥ (ਪੰਨਾ–128)

ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ ॥1 ॥
ਮਨ ਐਸਾ ਲੇਖਾ ਤੂੰ ਕੀ ਪੜਿਆ ॥ (ਪੰਨਾ–434)

ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ ਬਿਰਥਾ ਜਨਮੁ ਗਵਾਇਆ ॥
(ਪੰਨਾ–1133)

ਗੁਰਬਾਣੀ ਵਿਚ ਸਾਨੂੰ 'ਹਰਿ ਗੁਣ' ਅਤੇ 'ਹਰਿ ਕਥਾ' ਪੜ੍ਹਨ ਦੁਆਰਾ ਉਤਮ ਸੰਗਤ ਕਰਨ ਦੀ ਪ੍ਰੇਰਨਾ ਕੀਤੀ ਹੈ ।

ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥
ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥ (ਪੰਨਾ–95)

ਗੁਰਮੁਖਿ ਹਰਿ ਪੜੀਐ ਗੁਰਮੁਖਿ ਹਰਿ ਸੁਣੀਐ
ਹਰਿ ਜਪਤ ਸੁਣਤ ਦੁਖੁ ਜਾਇ ਜੀਉ ॥ (ਪੰਨਾ–444)

ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ
ਹਰਿ ਭਉਜਲੁ ਪਾਰਿ ਉਤਾਰੀ ॥ (ਪੰਨਾ–669)

ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ ॥ (ਪੰਨਾ–937)
ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥
ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ ॥ (ਪੰਨਾ–1009)

ਹਰਿ ਸਾਲਾਹੇ ਹਰਿ ਪੜੈ ਗੁਰ ਕੈ ਸਬਦਿ ਵੀਚਾਰਿ ॥ (ਪੰਨਾ–1093–94)

9. ਖਿਆਲਾਂ ਦੀ ਸੰਗਤ :—ਜਿਵੇਂ ਰੇਡੀਓ ਯਾ ਟੀ.ਵੀ. ਸਟੇਸ਼ਨ ਤੋਂ ਅਦ੍ਰਿਸ਼ਟ 'ਦਾਮਨਿਕ ਚੁੰਬਕੀ' ਤਰੰਗਾਂ (electro-magnetic waves) ਉਪਜਦੀਆਂ ਹਨ—ਉਸੇ ਤਰ੍ਹਾਂ ਸਾਡੇ 'ਮਨ' ਵਿਚੋਂ ਭੀ ਲਗਾਤਾਰ 'ਅਦ੍ਰਿਸ਼ਟ ਲਹਿਰਾਂ' ਉਪਜਦੀਆਂ ਰਹਿੰਦੀਆਂ ਹਨ ।

ਮਨ ਦੇ ਬਹੁ–ਰੰਗੇ ਖ਼ਿਆਲਾਂ, ਚਿਤਵਨੀਆਂ, ਸੰਕਲਪ, ਵਿਕਲਪ, ਵਲਵਲੇ, ਭਾਵਨਾਵਾਂ, ਵਾਸ਼ਨਾਵਾਂ ਨੂੰ ਹੀ 'ਲਹਿਰਾਂ' ਯਾ 'ਤਰੰਗਾਂ' ਕਿਹਾ ਗਿਆ ਹੈ ।

ਐਸੇ 'ਖ਼ਿਆਲ' ਯਾ 'ਵਲਵਲੇ' ਸਾਡੇ ਮਨ ਵਿਚੋਂ ਅਵੱਸ਼ ਸਹਿਜ–ਸੁਭਾਏ ਉਪਜਦੇ ਰਹਿੰਦੇ ਹਨ ।

ਜੇ ਕਿਸੇ 'ਜੀਵ' ਯਾ 'ਸ਼ੈ' ਵਿਚ ਸਾਨੂੰ ਦਿਲਚਸਪੀ ਨਾ ਹੋਵੇ ਤਾਂ ਉਸ ਦਾ ਓਪਰਾ

ਜਿਹਾ ਖ਼ਿਆਲ ਸਾਡੇ ਮਨ ਦੇ ਉਤੋਂ ਦੀ ਲੰਘ ਜਾਂਦਾ ਹੈ । ਸਾਡਾ ਮਨ ਉਹਨਾਂ 'ਦ੍ਰਿਸ਼ਾਂ' ਦੀ 'ਪਕੜ' ਯਾ 'ਸੰਗਤ' ਨਹੀਂ ਕਰਦਾ ।

ਉਦਾਹਰਣ ਦੇ ਤੌਰ ਤੇ ਜਦੋਂ ਅਸੀਂ ਬਜ਼ਾਰ ਵਿਚ ਦੀ ਲੰਘਦੇ ਹਾਂ ਤਾਂ ਅਨੇਕਾਂ ਕਿਸਮਾਂ ਦੇ ਬੰਦੇ, ਵਸਤੂਆਂ ਅਤੇ 'ਦ੍ਰਿਸ਼' ਦਿਖਾਈ ਦਿੰਦੇ ਹਨ — ਜਿਨ੍ਹਾਂ ਵਿਚੋਂ ਸਾਨੂੰ ਉਹੀ ਬੰਦੇ, ਚੀਜ਼ਾਂ ਯਾ 'ਦ੍ਰਿਸ਼' ਯਾਦ ਰਹਿੰਦੇ ਹਨ ਜਿਨ੍ਹਾਂ ਵਿਚ ਸਾਨੂੰ ਦਿਲਚਸਪੀ ਹੋਵੇ ਬਾਕੀ ਸਭ ਉਸੇ ਵੇਲੇ ਭੁਲ ਜਾਂਦੀਆਂ ਹਨ। ਸਾਨੂੰ ਉਹੀ ਚੀਜ਼ਾਂ ਖਿੱਚ ਪਾਉਂਦੀਆਂ ਹਨ ਜਿਹੜੀਆਂ ਸਾਨੂੰ 'ਭਾਉਂਦੀਆਂ' ਹੋਣ । ਸਾਡਾ ਮਨ ਉਨ੍ਹਾਂ ਮਨ-ਭਾਉਂਦੀਆਂ ਚੀਜ਼ਾਂ ਨੂੰ 'ਪਕੜ' ਲੈਂਦਾ ਹੈ ਅਤੇ ਮੁੜ-ਮੁੜ ਯਾਦ ਕਰਕੇ 'ਸੰਗ' ਕਰਦਾ ਹੈ ।

ਇਸ ਤਰ੍ਹਾਂ ਅਸੀਂ ਦਿਲਚਸਪੀ ਵਾਲੀਆਂ ਚੀਜ਼ਾਂ ਦੀ —

'ਖਿੱਚ' ਖਾਂਦੇ ਹਾਂ
'ਪਕੜ' ਕਰਦੇ ਹਾਂ
ਮੁੜ-ਮੁੜ ਯਾਦ ਕਰਦੇ ਹਾਂ
'ਸੰਗ' ਕਰਦੇ ਹਾਂ
'ਅਭਿਆਸ' ਕਰਦੇ ਹਾਂ
'ਅਸਰ' ਲੈਂਦੇ ਹਾਂ
'ਰੰਗਤ' ਲੈਂਦੇ ਹਾਂ
'ਸਵਾਦ' ਮਾਣਦੇ ਹਾਂ ।

ਇਸੇ ਤਰ੍ਹਾਂ ਮੁੜ ਮੁੜ ਯਾਦ ਕਰਨ ਨਾਲ ਉਹ 'ਖ਼ਿਆਲ' ਯਾ ਦ੍ਰਿਸ਼ ਸਾਡੇ ਅੰਤਰ-ਮਨ, ਬੁਧੀ ਚਿਤ, ਦੀਆਂ ਹੇਠਲੀਆਂ ਤੈਹਾਂ ਅਥਵਾ ਅੰਤਿਸ਼ਕਰਨ ਵਿਚ ਧਸ, ਵਸ, ਰਸ, ਸਮਾ ਜਾਂਦੇ ਹਨ ।

ਕਿਸੇ 'ਖਿਆਲ' ਯਾ 'ਵਲਵਲੇ' ਨੂੰ ਮੁੜ-ਮੁੜ ਕੇ ਯਾਦ ਕਰਨਾ ਹੀ ਉਸ ਖਿਆਲ ਦੀ 'ਸੰਗਤ' ਕਰਨੀ ਹੁੰਦੀ ਹੈ ਅਤੇ ਉਸ ਦੀ 'ਰੰਗਤ' ਲੈਣੀ ਹੁੰਦੀ ਹੈ । ਇਸ 'ਰੰਗਤ' ਦੁਆਰਾ ਹੀ ਸਾਡੇ ਮਨ ਉਤੇ ਚੰਗਾ ਯਾ ਮਾੜਾ 'ਅਸਰ' ਹੁੰਦਾ ਹੈ ।

ਜੇ ਇਹਨਾਂ ਖਿਆਲਾਂ ਦੀ 'ਰੰਗਤ' ਸਾਡੇ ਮਨ ਦੀਆਂ ਡੂੰਘੀਆਂ ਤੈਹਾਂ ਅਥਵਾ 'ਅੰਤਿਸ਼ਕਰਨ' ਵਿਚ ਧਸ-ਵਸ-ਰਸ ਜਾਵੇ ਤਾਂ ਇਸ 'ਰੰਗਤ' ਨੂੰ ਮੇਟਣਾ ਕਠਿਨ ਹੈ । ਜੇਕਰ ਸਾਡੇ ਮਨ ਅਤੇ ਬੁਧੀ ਨੂੰ ਸਮਝ ਭੀ ਆ ਜਾਵੇ ਕਿ ਇਹ ਮਾਨਸਿਕ 'ਰੰਗਤ' ਅਤਿ ਦੁਖਦਾਈ ਅਤੇ ਹਾਨੀਕਾਰਕ ਹੈ — ਤਾਂ ਭੀ 'ਅੰਤਿਸ਼ਕਰਨ' ਵਿਚ ਦ੍ਰਿੜ੍ਹ ਹੋਈ ਅਤੇ ਰਸੀ ਹੋਈ 'ਰੰਗਤ' ਮੱਲੋ-ਮੱਲੀ ਉਘੜ ਆਉਂਦੀ ਹੈ ਅਤੇ ਜੀਵ ਬੇਵਸ ਹੋ ਕੇ ਆਪਣੀ ਪੁਰਾਣੀ ਮਲੀਨ 'ਰੋੜ੍ਹ' ਵਿਚ ਅਚੇਤ ਹੀ ਰੁੜ੍ਹਿਆ ਜਾਂਦਾ ਹੈ ।

ਮਲੀਨ ਅਤੇ ਨੀਵੀਂ ਰੰਗਤ ਵਾਲੇ ਖਿਆਲਾਂ ਦੀ 'ਕੁਸੰਗਤ' ਤੋਂ ਸਾਡੇ ਅੰਦਰ ਨੀਵੇਂ

ਵਲਵਲੇ ਅਤੇ ਵਾਸ਼ਨਾਵਾਂ ਉਪਜਦੀਆਂ ਹਨ, ਜਿਹਾ ਕਿ ਸ਼ੱਕ, ਸਾੜਾ, ਈਰਖਾ, ਦਵੈਤ, ਨਫ਼ਰਤ, ਨਿੰਦਾ, ਝੂਠ, ਬੇਈਮਾਨੀ, ਖ਼ੁਦਗਰਜ਼ੀ, ਧੜੇ ਬਾਜ਼ੀ, ਵੈਰ, ਵਿਰੋਧ, ਟਾਕਰਾ, ਝਗੜੇ, ਲੜਾਈਆਂ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਆਦਿ ।

ਇਸ ਤੋਂ ਉਲਟ ਜੇ ਸਾਡੇ ਮਨ ਉਤੇ ਆਤਮ ਪ੍ਰਕਾਸ਼ ਦੀ ਦੈਵੀ 'ਝਲਕ' ਪੈ ਜਾਵੇ ਤਾਂ ਸਾਡੇ ਖਿਆਲ ਅਤੇ ਵਲਵਲੇ 'ਦੈਵੀ' ਗੁਣਾਂ ਵਾਲੇ ਹੋ ਜਾਂਦੇ ਹਨ, ਜਿਹਾ ਕਿ ਦਇਆ, ਖਿਮਾ, ਨਿਮ੍ਰਤਾ, ਪਰਉਪਕਾਰ, ਹਲੇਮੀ, ਸੱਚ, ਸੰਤੋਖ, ਸਬਰ, ਸ਼ਾਂਤੀ, ਮੈਤ੍ਰੀ ਭਾਵ, ਸੇਵਾ ਭਾਵ, ਹਮਦਰਦੀ, ਪਿਆਰ, ਵਿਸ਼ਾਲਤਾ, ਭਰੋਸਾ ਆਦਿ ।

ਅਸਲ ਵਿਚ ਇਹ ਬੇਅੰਤ 'ਕਾਇਨਾਤ', ਅਕਾਲ ਪੁਰਖ ਦੇ 'ਕਵਾਉ' ਅਥਵਾ 'ਹੁਕਮ' ਦਾ 'ਰੂਪਮਾਨ-ਸਰੂਪ' ਹੀ ਹੈ । ਇਸ 'ਕਵਾਉ' ਅਥਵਾ ਇਲਾਹੀ ਵਲਵਲਿਆਂ ਦੇ ਪਿਛੇ ਅਨੰਤ ਆਤਮਿਕ ਸ਼ਕਤੀ ਹੈ ਜੋ ਅਨੇਕਾਂ ਰੂਪਾ-ਰੰਗਾਂ ਵਿਚ ਰਵਿ ਰਹੀ ਭਰਪੂਰ ਹੈ ।

ਲਗਾਤਾਰ ਅਭਿਆਸ ਦੁਆਰਾ ਸਾਡੇ ਖਿਆਲਾਂ ਅਤੇ ਵਲਵਲਿਆਂ ਨੂੰ ਸ਼ਕਤੀ ਮਿਲਦੀ ਹੈ ।

ਇਸੇ ਤਰ੍ਹਾਂ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਮਹਾਂਪੁਰਖਾਂ ਦੇ ਸ਼ਕਤੀਮਾਨ 'ਖਿਆਲ' ਯਾ 'ਵਲਵਲੇ' ਭੀ ਰੂਪਮਾਨ ਹੋ ਕੇ ਵਰਤਦੇ ਹਨ ।

ਇਹੋ ਜਿਹੇ ਸ਼ਕਤੀਮਾਨ ਖਿਆਲਾਂ ਨਾਲ ਜਦ ਸਾਡਾ ਮਨ—

'ਮੇਲ' ਕਰਦਾ ਹੈ
'ਪਰਸਦਾ' ਹੈ
'ਸੰਗ' ਕਰਦਾ ਹੈ
'ਅਸਰ' ਲੈਂਦਾ ਹੈ
'ਛੋਹ' ਪ੍ਰਾਪਤ ਕਰਦਾ ਹੈ
'ਲੇਵਾ-ਦੇਵੀ' ਕਰਦਾ ਹੈ ।

ਤਾਂ ਸਾਡੇ ਮਨ ਉਤੇ ਡੂੰਘਾ ਅਤੇ ਤੀਖਣ ਅਸਰ ਹੁੰਦਾ ਹੈ, ਜੋ ਸਾਡੇ ਮਨ-ਚਿਤ ਦੀਆਂ ਹੇਠਲੀਆਂ ਤੈਹਾਂ ਵਿਚ ਉਤਰ ਜਾਂਦਾ ਹੈ ਅਤੇ ਸਾਡੀ 'ਹਸਤੀ' ਯਾ 'ਸ਼ਖਸੀਅਤ' ਨੂੰ ਬਦਲ ਦਿੰਦਾ ਹੈ ।

ਇਸ ਲਈ ਗੁਰਬਾਨੀ ਵਿਚ ਸਾਨੂੰ ਕੁਸੰਗਤ ਅਥਵਾ ਨੀਵੀਂ 'ਮਾਇਕੀ' 'ਸੰਗਤ' ਤੋਂ ਬਚਣ ਦੀ ਤਾੜਨਾ ਕੀਤੀ ਗਈ ਹੈ—

ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥ (ਪੰਨਾ-40)

ਤਿਨ੍ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ ॥ (ਪੰਨਾ-520)

ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥
ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ ॥
(ਪੰਨਾ-587)

ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥ (ਪੰਨਾ-1369)

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ (ਪੰਨਾ-1371)

ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ ॥ (ਪੰਨਾ-1417)

ਦੂਜੇ ਪਾਸੇ ਉਤਮ ਦੈਵੀ ਸੰਗਤ ਦੀ ਤਾਕੀਦੀ ਪ੍ਰੇਰਨਾ ਕੀਤੀ ਗਈ ਹੈ :—

ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ ॥ (ਪੰਨਾ-69)

ਸਾਧੂ ਸੰਗੁ ਕਰਹੁ ਸਭੁ ਕੋਇ ॥
ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥ (ਪੰਨਾ-196)

ਥਿਤਿ ਪਾਵਹੁ ਗੋਬਿਦ ਭਜਹੁ ਸੰਤਹ ਕੀ ਸਿਖ ਲੇਹੁ ॥
ਪ੍ਰੀਤਿ ਕਰਹੁ ਸਦ ਏਕ ਸਿਉ ਇਆ ਸਾਚਾ ਅਸਨੇਹੁ ॥ (ਪੰਨਾ-257)

ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥
ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥ (ਪੰਨਾ-297)

ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥
(ਪੰਨਾ-587)

ਇਸ ਵਿਚਾਰ ਦਾ ਸਿੱਟਾ ਇਉਂ ਕਢਿਆ ਜਾ ਸਕਦਾ ਹੈ :—

1. ਇਲਾਹੀ 'ਖਿਆਲ' ਅਥਵਾ 'ਕਵਾਉ' ਦੁਆਰਾ ਹੀ ਸਾਰੀ ਕਾਇਨਾਤ ਰਚੀ ਗਈ ਹੈ ।

ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥ (ਪੰਨਾ-3)

2. ਇਲਾਹੀ ਫੁਰਨੇ ਅਥਵਾ 'ਹੁਕਮ' ਅਨੁਸਾਰ ਹੀ ਇਸ ਕਾਇਨਾਤ ਦਾ 'ਵਡ ਖੇਲ ਤਮਾਸਾ' ਚਲ ਰਿਹਾ ਹੈ ।

ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥
ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥ (ਪੰਨਾ-654)

3. ਇਸ ਕਾਇਨਾਤ ਦੀ ਆਪਣੀ ਕੋਈ ਹਸਤੀ ਨਹੀਂ ਹੈ । ਇਹ ਸਾਰਾ ਮਾਇਕੀ-ਮੰਡਲ—'ਖਿਆਲਾਂ' ਦਾ ਹੀ ਰੂਪਮਾਨ ਸਰੂਪ ਹੈ ।

4. ਇਹ ਕਾਇਨਾਤ ਅਸਥਿਰ, ਚਲਾਇਮਾਨ ਅਤੇ 'ਝੂਠੀ' ਹੈ ।

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥ (ਪੰਨਾ–468)

5. ਐਸੇ 'ਕੂੜੇ ਸੰਸਾਰ' ਨਾਲ ਸਾਡਾ ਸੰਬੰਧ ਅਤੇ ਵਰਤ–ਵਰਤਾਰਾ ਭੀ ਕੂੜਾ ਹੈ, ਜਿਸ ਦੀ 'ਸੰਗਤ' ਵਿਚ ਇਤਨੇ ਗਲਤਾਨ ਹੋ ਗਏ ਹਾਂ ਕਿ ਅਸੀਂ ਕਾਇਨਾਤ ਦੇ ਸਿਰਜਣਹਾਰ 'ਕਰਤੇ' ਨੂੰ ਭੀ ਭੁੱਲ ਗਏ ਹਾਂ ।

'ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥' (ਪੰਨਾ–468)

'ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥' (ਪੰਨਾ–133)

6. ਇਲਾਹੀ 'ਹੁਕਮ' ਅਨੁਸਾਰ ਹੀ 'ਹਉਮੈ'–ਵੇੜ੍ਹੀ 'ਮੈਂ–ਮੇਰੀ' ਅਤੇ 'ਦੂਜਾ ਭਾਉ' ਉਪਜੇ ਹਨ ।

'ਹਉਮੈ' ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ' ॥ (ਪੰਨਾ–466)

7. ਮਨ ਦੀ 'ਰੰਗਤ' ਅਨੁਸਾਰ ਹੀ ਜੀਵਾਂ ਅੰਦਰ ਵਾਸ਼ਨਾਵਾਂ ਅਤੇ ਵਲਵਲੇ ਉਠਦੇ ਹਨ ਅਤੇ ਇਨ੍ਹਾਂ ਦੇ ਪ੍ਰਭਾਵ ਵਿਚ ਹੀ ਜੀਵ—

ਸੋਚਦੇ
ਚਿਤਵਦੇ
ਖਿਆਲ ਕਰਦੇ
ਕਰਮ ਕਰਦੇ
ਬੰਧਨਾਂ ਵਿਚ ਪੈਂਦੇ
ਨਤੀਜੇ ਭੁਗਤਦੇ ਹਨ ।

8. 'ਖਿਆਲਾਂ ਦੀ 'ਰੰਗਤ' ਅਨੁਸਾਰ ਹੀ 'ਜੀਵ' ਆਪਸ ਵਿਚ—

ਵਰਤਦੇ ਹਨ
ਅਸਰ ਦਿੰਦੇ ਹਨ
ਅਸਰ ਲੈਂਦੇ ਹਨ
ਲੇਵਾ–ਦੇਵੀ ਕਰਦੇ ਹਨ
ਪਿਆਰ ਕਰਦੇ ਹਨ
ਸੇਵਾ ਕਰਦੇ ਹਨ
ਘਿਰਣਾ ਕਰਦੇ ਹਨ
ਵੈਰ–ਵਿਰੋਧ ਕਰਦੇ ਹਨ
ਲੜਾਈਆਂ ਕਰਦੇ ਹਨ ।

9. ਇਹਨਾਂ ਦੀ 'ਰੰਗਤ' ਅਨੁਸਾਰ ਹੀ ਸਾਡੇ ਅੰਦਰ ਚੰਗੇ 'ਦੈਵੀ ਗੁਣ' ਯਾ ਨੀਵੇਂ

ਮਲੀਨ 'ਅਉਗਣ' ਉਪਜਦੇ ਹਨ ।

10. ਇਹਨਾਂ 'ਗੁਣਾਂ' ਯਾ 'ਅਉਗੁਣਾਂ' ਅਨੁਸਾਰ ਹੀ ਸਾਡਾ 'ਜੀਵਨ' ਖ਼ੁਸ਼ਹਾਲ ਯਾ ਦੁਖੀ ਹੁੰਦਾ ਹੈ ।

11. ਇਹਨਾਂ ਚੰਗੇ ਯਾ ਮਾੜੇ 'ਖਿਆਲਾਂ' ਨੂੰ —

ਮੁੜ ਮੁੜ ਯਾਦ ਕਰਨ
ਦੁਹਰਾਉਣ
ਅਭਿਆਸ ਕਰਨ

ਨਾਲ ਇਹ ਖਿਆਲ ਤੀਖਣ, ਤੀਬਰ ਅਤੇ ਦਾਮਨਿਕ ਹੋ ਜਾਂਦੇ ਹਨ ।

12. ਐਸੇ ਅਭਿਆਸ ਕੀਤੇ ਹੋਏ ਦਾਮਨਿਕ 'ਖਿਆਲ' ਸਾਡੇ ਮਨ-ਚਿਤ-ਅੰਤਿਸ਼ਕਰਨ ਵਿਚ ਧਸ-ਵਸ-ਰਸ-ਸਮਾ ਕੇ, 'ਰੂਪਮਾਨ' ਹੋ ਜਾਂਦੇ ਹਨ ਅਤੇ ਸਾਡੇ ਅੰਦਰ 'ਭੂਤਾਂ-ਪ੍ਰੇਤਾਂ' ਵਾਂਗ 'ਚਿੰਬੜੇ' ਰਹਿੰਦੇ ਹਨ ।

13. 'ਨਜ਼ਰ ਲਗਣੀ'
ਵਰ ਦੇਣੇ
ਸਰਾਪ ਦੇਣੇ
ਲੇਵਾ-ਦੇਵੀ ਹੋਣੀ
ਨਦਰੀ ਨਦਰਿ ਨਿਹਾਲ ਹੋਣਾ

ਇਹਨਾਂ ਚੰਗੇ ਯਾ ਮਾੜੇ ਦਾਮਨਿਕ ਖਿਆਲਾਂ ਦਾ ਹੀ ਪ੍ਰਗਟਾਵਾ ਹੈ ।

14. ਮਨ ਦੀਆਂ ਹੇਠਲੀਆਂ ਤੈਹਾਂ ਅਥਵਾ ਅੰਤਿਸ਼ਕਰਨ ਵਿਚ ਦ੍ਰਿੜ੍ਹ ਹੋਏ ਖਿਆਲਾਂ ਯਾ ਚਿਤਵਨੀਆਂ ਦੀ 'ਰੰਗਤ' ਅਨੁਸਾਰ ਹੀ ਸਾਡੀ 'ਸ਼ਖਸੀਅਤ' ਬਣਦੀ ਹੈ ।

15. ਜੀਵ ਦੇ ਆਚਾਰ, ਬਿਉਹਾਰ, ਆਦਤਾਂ ਸੁਭਾਉ ਹੀ 'ਸ਼ਖਸੀਅਤ' ਦੇ ਪ੍ਰਤੀਕ ਹਨ ਜੋ ਸਾਡਾ 'ਜੀਵਨ-ਰੂਪ' ਹੀ ਹੋ ਜਾਂਦਾ ਹੈ ।

16. ਇਹੋ ਮਾਨਸਿਕ 'ਰੰਗਤ' ਅਥਵਾ ਸ਼ਖਸੀਅਤ ਜੀਵਨ ਦੇ ਹਰ ਪੱਖ ਵਿਚ ਅਨਜਾਣੇ, ਸਹਿਜ-ਸੁਭਾਏ ਤੇ ਮੱਲੋ-ਮੱਲੀ ਪ੍ਰਗਟ ਹੁੰਦੀ ਰਹਿੰਦੀ ਹੈ ।

17. ਇਸ ਮਾਨਸਿਕ 'ਰੰਗਤ' ਦੀ ਤੀਬਰਤਾ ਯਾ ਤੀਖਣਤਾ ਅਨੁਸਾਰ ਹੀ ਅਸੀਂ ਇਕ ਦੂਜੇ ਉਤੇ 'ਅਸਰ' ਪਾਉਂਦੇ ਹਾਂ ਯਾ ਅਸਰ ਲੈਂਦੇ ਹਾਂ ।

18. ਹਰ ਇਕ ਕਲਪਨਾ ਯਾ 'ਖਿਆਲ' ਜਦ ਸਾਡੇ ਮਨ ਨਾਲ ਖਿਨ-ਪਲ ਲਈ — ਛੋਂਹਦਾ ਹੈ, ਪਰਸਦਾ ਹੈ, ਲੰਘਦਾ ਹੈ, 'ਸੰਗ' ਕਰਦਾ ਹੈ ਤਾਂ ਉਹ ਆਪਣੀ ਚੰਗੀ ਯਾ ਮਾੜੀ ਰੰਗਤ ਦੀ ਹਲਕੀ ਜਿਹੀ ਅਣਦਿਸਦੀ,

ਅਣਪਛਾਤੀ 'ਭਾਅ' ਯਾ 'ਛੋਹ' ਛਡ ਜਾਂਦਾ ਹੈ । ਉਸੇ ਇਕੇ ਖਿਆਲ ਦੇ ਦੂਜੀ ਤੀਜੀ ਵਾਰ ਦੁਹਰਾਉਣ ਨਾਲ 'ਭਾਅ' ਗਾੜ੍ਹੀ ਹੁੰਦੀ ਜਾਂਦੀ ਹੈ ਅਤੇ ਮੁੜ-ਮੁੜ ਅਭਿਆਸ ਕਰਨ ਨਾਲ 'ਰੰਗਤ' ਬਣ ਜਾਂਦੀ ਹੈ—ਜੋ ਜ਼ਾਹਰਾ ਤੌਰ ਤੇ ਪ੍ਰਗਟ ਹੋਣ ਲਗ ਜਾਂਦੀ ਹੈ ।

19. ਇਸ ਲਈ 'ਖਿਆਲਾਂ' ਦੇ 'ਛੋਹਣ'—'ਪਰਸਣ' ਦੁਆਰਾ ਹੀ ਸਾਡਾ ਮਨ 'ਸੰਗਤ' ਯਾ 'ਕੁਸੰਗਤ' ਕਰਦਾ ਹੈ ।

20. ਇਕੇ 'ਰੰਗਤ' ਦੇ ਖਿਆਲਾਂ ਦੀ ਲਗਾਤਾਰ ਚਿਤਵਨੀ ਯਾ ਅਭਿਆਸ ਕਰਨ ਨਾਲ, ਇਹ 'ਰੰਗਤ' ਸਾਡੇ ਮਨ-ਚਿਤ-ਬੁਧੀ-ਅੰਤਿਸ਼ਕਰਨ ਵਿਚ ਧਸ-ਵਸ-ਰਸ ਕੇ ਦ੍ਰਿੜ੍ਹ ਹੁੰਦੀ ਜਾਂਦੀ ਹੈ ।

21. ਇਸ ਦ੍ਰਿੜ੍ਹ ਹੋਈ 'ਰੰਗਤ' ਅਨੁਸਾਰ ਹੀ ਸਾਡਾ ਤਨ, ਮਨ, ਬੁਧੀ ਅਤੇ ਆਲਾ-ਦੁਆਲਾ ਮਾਹੌਲ ਘੜੀਂਦਾ ਹੈ ।

22. ਐਸੀ ਚੰਗੀ ਯਾ ਮਾੜੀ ਦ੍ਰਿੜ੍ਹ ਕੀਤੀ ਹੋਈ ਮਨ ਦੀ 'ਰੰਗਤ' ਸਾਡੇ ਸਰੀਰ ਦੀ ਮੌਤ ਤੋਂ ਬਾਦ ਭੀ 'ਨਾਸ਼' ਨਹੀਂ ਹੁੰਦੀ, ਬਲਕਿ ਅਗਲਿਆਂ ਜਨਮਾਂ ਵਿਚ ਜੀਵ ਦੇ ਨਾਲ ਜਾਂਦੀ ਹੈ—ਜਿਸ ਦਾ ਨਤੀਜਾ ਸਾਨੂੰ ਅਗਲੇ ਜਨਮਾਂ ਵਿਚ ਵੀ ਭੋਗਣਾ ਪੈਂਦਾ ਹੈ ।

ਅਸਲ ਵਿਚ 'ਸੰਗਤ ਯਾ 'ਕੁਸੰਗਤ' ਅਨੁਸਾਰ ਹੀ ਸਾਡੇ ਮਨ ਉਤੇ ਚੰਗੀ ਯਾ ਮਾੜੀ 'ਰੰਗਤ' ਚੜ੍ਹਦੀ ਹੈ ਅਤੇ ਏਸੇ 'ਰੰਗਤ' ਅਨੁਸਾਰ ਹੀ ਅਸੀਂ ਦੁਖ-ਸੁਖ ਭੋਗਦੇ ਹਾਂ।

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ।<br>
ਸੰਗ ਸੁਭਾਉ ਅਸਾਧ ਸਾਧੁ ਪਾਪੁ ਪੁੰਨੁ ਦੁਖੁ ਸੁਖੁ ਫਲੁ ਪਾਵੈ ।

(ਵਾ. ਭਾ. ਗੁ. 31/13)

'ਜੀਵ' ਤ੍ਰੈਗੁਣੀ ਮਾਇਕੀ ਮੰਡਲ ਵਿਚ ਵਿਚਰਦਾ ਹੈ ਜਿਸ ਕਾਰਣ ਸਾਡੇ ਖਿਆਲ ਸਹਿਜ-ਸੁਭਾਏ ਮਾਇਆ ਦੀ ਮਲੀਨ ਨੀਵੀਂ ਰੰਗਤ ਵਾਲੇ ਹੀ ਹੁੰਦੇ ਹਨ ।

ਇਸ ਲਈ ਆਪਣੇ ਜੀਵਨ ਨੂੰ ਉਚੇਰਾ, ਚੰਗੇਰਾ, ਸੁਹਣੇਰਾ, ਸੁਖਦਾਈ, ਦੈਵੀ ਅਤੇ ਉਤਮ ਬਣਾਉਣ ਲਈ, ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ ਸਚੀ-ਸੁਚੀ 'ਦੈਵੀ ਸੰਗਤ' ਕਰਨੀ ਲਾਜ਼ਮੀ ਹੈ ।

ਖੋਜਤ ਖੋਜਤ ਸੁਨੀ ਇਹ ਸੋਇ ॥<br>
ਸਾਧਸੰਗਤਿ ਬਿਨੁ ਤਰਿਓ ਨ ਕੋਇ ॥ (ਪੰਨਾ-373)

ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ ॥ (ਪੰਨਾ-522)

ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰੁ ॥ (ਪੰਨਾ-58)

ਸਾਜਨ ਸੰਤ ਮਿਲਿ ਨਾਮੁ ਜਪੇਹਾ ॥
ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ ॥
(ਪੰਨਾ-104)

ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥ (ਪੰਨਾ-135)

ਸਾਧਸੰਗਿ ਭਇਓ ਜਨਮੁ ਪਰਾਪਤਿ ॥ (ਪੰਨਾ-176)

ਸਾਧਸੰਗਤਿ ਨਿਹਚਉ ਹੈ ਤਰਣਾ ॥ (ਪੰਨਾ-1071)

10. ਅੰਤਿਸ਼ਕਰਨ ਦੀ ਸੰਗਤ :—

ਪਿਛੇ ਦਸਿਆ ਜਾ ਚੁਕਿਆ ਹੈ ਕਿ ਜੋ 'ਖਿਆਲ' ਸਾਡੇ ਮਨ ਵਿਚ ਮੁੜ-ਮੁੜ ਦੁਹਰਾਏ ਜਾਂਦੇ ਹਨ—ਉਹ ਸਾਡੇ ਹੇਠਲੇ ਮਨ ਵਿਚ 'ਦ੍ਰਿੜ੍ਹ' ਹੁੰਦੇ ਜਾਂਦੇ ਹਨ। ਲਗਾਤਾਰ ਅਭਿਆਸ ਦੁਆਰਾ ਇਹ ਦ੍ਰਿੜ੍ਹ ਹੋਏ ਖਿਆਲ ਸਾਡੇ ਅੰਤਿਸ਼ਕਰਨ ਵਿਚ ਧਸ, ਵਸ, ਰਸ ਕੇ 'ਸਮਾ' ਜਾਂਦੇ ਹਨ ਅਤੇ ਸ਼ਕਤੀਮਾਨ ਹੋ ਕੇ ਪ੍ਰਬਲ 'ਹਸਤੀ' ਯਾ 'ਸ਼ਖਸੀਅਤ' ਬਣ ਜਾਂਦੀ ਹੈ।

ਜਦੋਂ ਸਾਡਾ ਮਨ ਬਾਹਰਲੇ ਓਪਰੇ ਰੁਝੇਵਿਆਂ ਤੋਂ ਵਿਹਲਾ ਹੁੰਦਾ ਹੈ ਯਾ ਕਿਸੇ ਬਾਹਰਲੀ ਉਕਸਾਹਟ ਦੀ 'ਚੁਆਤੀ' ਲਗਦੀ ਹੈ ਤਾਂ ਅੰਤਿਸ਼ਕਰਨ ਵਿਚ ਧਸੀ, ਵਸੀ, ਰਸੀ ਮਾਨਸਿਕ 'ਰੰਗਤ' ਦੀ 'ਹਵਾੜ' ਯਾ ਪ੍ਰਤਿਬਿੰਬ (reflection) ਆਪ ਮੁਹਾਰੇ ਬਾਹਰ ਵਲ ਉਘੜ ਕੇ, ਸਾਡੇ ਮਨ ਉਤੇ ਆਪਣਾ ਮਲੀਨ ਗਿਲਾਨੀ ਵਾਲਾ ਅਸਰ ਪਾਉਂਦਾ ਹੈ, ਜਿਸ ਨਾਲ ਮਨ ਦੀ ਮਲੀਨਤਾ ਵਿਚ ਹੋਰ ਭੀ ਵਾਧਾ ਹੁੰਦਾ ਹੈ।

ਭਾਵੇਂ ਸਾਡਾ ਉਪਰਲਾ ਮਨ ਯਾ ਬੁਧੀ ਐਸੀ ਤੀਬਰ ਗਿਲਾਨੀ ਨੂੰ ਮਹਿਸੂਸ ਭੀ ਕਰੇ ਅਤੇ ਇਸ ਤੋਂ ਬਚਣਾ ਭੀ ਚਾਹੇ, ਤਾਂ ਭੀ ਇਹ ਆਪੂੰ ਘੜੀ ਹੋਈ ਗਿਲਾਨੀ ਦਾ ਜ਼ਹਿਰ—'ਬੁੱਕਲ ਵਿਚ ਪਾਲੇ ਹੋਏ 'ਸੱਪ' ਵਾਂਗ' ਸਾਡੇ ਮਨ-ਤਨ-ਚਿਤ ਉਤੇ ਵਾਰ ਅਥਵਾ ਹਮਲਾ ਕਰਦਾ ਰਹਿੰਦਾ ਹੈ। ਜਿਸ ਨਾਲ ਸਾਡਾ ਮਨ ਹੋਰ ਭੀ ਕਲਪਦਾ, ਸੜਦਾ, ਬਲਦਾ, ਕੁਲਝਦਾ, ਤੜਪਦਾ ਤੇ ਜ਼ਹਿਰੀਲਾ ਹੁੰਦਾ ਹੈ ਅਤੇ ਸਾਡਾ ਜੀਵਨ ਨਰਕ-ਮਈ ਬਣ ਜਾਂਦਾ ਹੈ।

ਕਿਹਾ ਜਾਂਦਾ ਹੈ ਕਿ ਬਾਹਰਲੇ ਦੁਸ਼ਮਣ ਤੋਂ ਬਚਣ ਲਈ ਤਾਂ ਕੋਈ ਉਪਰਾਲਾ ਹੋ ਸਕਦਾ ਹੈ, ਪਰ ਅੰਦਰਲੇ 'ਬੁੱਕਲ' ਵਿਚ ਵਸਦੇ 'ਵੈਰੀ' ਤੋਂ ਕੋਈ ਬਚਾਉ ਨਹੀਂ ਹੋ ਸਕਦਾ। ਐਸੇ ਅੰਦਰਲੇ ਗੁਝੇ, ਖੁਫ਼ੀਆ, ਭੇਤੀ, 'ਵੈਰੀ' ਮੌਕਾ ਤਾੜ ਕੇ ਅਚਾਨਕ ਡਾਢਾ ਹਮਲਾ ਕਰਦੇ ਹਨ, ਜਿਸ ਦੇ ਅਸਰ ਤੋਂ ਬਚਣਾ ਕਠਿਨ ਹੈ ਤੇ ਜਿਸ ਦਾ ਵਾਰ ਗਹਿਰਾ ਤੇ ਅਤਿਅੰਤ ਦੁਖਦਾਈ ਹੁੰਦਾ ਹੈ।

ਮਨ ਕਾ ਸੁਭਾਉ ਮਨਹਿ ਬਿਆਪੀ ॥ (ਪੰਨਾ-328)

ਮਾਇਆ ਮਮਤਾ ਪਵਹਿ ਖਿਆਲੀ ॥

ਜਮ ਪੁਰਿ ਫਾਸਹਿਗਾ ਜਮ ਜਾਲੀ ॥ (ਪੰਨਾ-993)

ਪਾਪੀ ਹੀਐ ਮੈ ਕਾਮੁ ਬਸਾਇ ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥ (ਪੰਨਾ-1186)

ਮਾਈ ਮਨੁ ਮੇਰੋ ਬਸਿ ਨਾਹਿ ॥
ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥ (ਪੰ.-632)

ਮਿਸਾਲ ਦੇ ਤੌਰ ਤੇ ਸਾਡੇ ਅੰਤਰਗਤ ਮਾਇਆ-ਰੂਪੀ 'ਸਰਪਨੀ' 'ਛਾਪਲੀ' ਰਹਿੰਦੀ ਹੈ ਅਤੇ ਜਦ ਭੀ ਇਸ 'ਸਰਪਨੀ' ਨੂੰ ਮੌਕਾ ਮਿਲਦਾ ਹੈ ਤਾਂ 'ਅਨਿਕ ਭਾਂਤ' ਹੋ ਕੇ, ਵਲ-ਛਲ ਕਰਕੇ ਸਾਡੇ ਉਤੇ ਘਾਤ ਲਾ ਕੇ ਅਚਾਨਕ ਹਮਲਾ ਕਰਦੀ ਹੈ, ਜਿਸ ਤੋਂ ਅਸੀਂ ਬਿਲਕੁਲ ਬੇਖਬਰ ਤੇ ਅਣਜਾਣ ਹੁੰਦੇ ਹਾਂ । ਇਸੇ ਕਾਰਨ ਇਸ ਮਾਇਆ-ਰੂਪੀ 'ਸਰਪਨੀ' ਦੇ ਹਮਲੇ ਤੋਂ ਬਚਾਉ ਨਹੀਂ ਹੋ ਸਕਦਾ ।

ਮਾਇਆ ਬਿਆਪਤ ਬਹੁ ਪਰਕਾਰੀ ॥ (ਪੰਨਾ-182)

ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ ॥ (ਪੰਨਾ-673)

ਮਾਈ ਮਾਇਆ ਛਲੁ ॥ (ਪੰਨਾ-717)

ਇਹ ਠਗਵਾਰੀ ਬਹੁਤੁ ਘਰ ਗਾਲੇ ॥ (ਪੰਨਾ-1347)

ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥ (ਪੰਨਾ-1364)

ਇਸ 'ਮਾਇਆ-ਰੂਪੀ ਸਰਪਨੀ' ਨੂੰ ਅੰਤਿਸ਼ਕਰਨ ਦੇ ਪਤਾਲ ਵਿਚ ਦਿਨ-ਰਾਤ ਮਲੀਨ ਖਿਆਲਾਂ ਦੇ ਅਭਿਆਸ ਦੁਆਰਾ, ਅਸੀਂ ਪਾਲਦੇ ਅਤੇ ਬਲਵਾਨ ਕਰਦੇ ਰਹਿੰਦੇ ਹਾਂ । ਇਹ ਸਾਡੀ 'ਆਪੂੰ-ਸਹੇੜੀ' ਹੋਈ ਅਤੇ 'ਬਲਵਾਨ' ਕੀਤੀ ਹੋਈ ਮਾਇਆ-ਰੂਪੀ 'ਨਾਗਨੀ' ਸਾਡੇ ਉਤੇ ਹਮੇਸ਼ਾ ਤੱਤਪਰ ਹੋ ਕੇ ਹਮਲਾ ਕਰਨ ਲਈ ਮੌਕਾ ਤਾੜਦੀ ਰਹਿੰਦੀ ਹੈ ।

ਪਾਇ ਠਗਉਲੀ ਸਭੁ ਜਗੁ ਜੋਹਿਆ । (ਪੰਨਾ-394)

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥ (ਪੰਨਾ-510)

ਮੋਹਨੀ ਮੋਹਤ ਰਹੈ ਨ ਹੋਰੀ ॥
ਸਾਧਿਕ ਸਿਧ ਸਗਲ ਕੀ ਪਿਆਰੀ ਤੁਟੈ ਨ ਕਾਹੂ ਤੋਰੀ ॥ (ਪੰਨਾ-1216)

ਇਸ 'ਅੰਤਿਸ਼ਕਰਨ' ਵਿਚ ਗੁੱਝੀ ਸ਼ਕਤੀਮਾਨ ਮਾਇਕੀ 'ਸਰਪਨੀ' ਦੀ ਸਦੀਵੀ 'ਕੁਸੰਗਤ', ਹੋਰਨਾਂ ਸਾਰੀਆਂ 'ਕੁਸੰਗਤਾਂ' ਨਾਲੋਂ, ਜ਼ਿਆਦਾ ਮੁਹਲਕ ਅਤੇ ਖਤਰਨਾਕ ਹੈ ।

ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥
ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥ (ਪੰਨਾ-480)

ਓਪਰੇ ਖਿਆਲਾਂ ਦੀ 'ਰੰਗਤ' ਤਾਂ ਸਮਾਂ ਪਾ ਕੇ ਯਾ ਦੈਵੀ ਸੰਗਤ ਕਰਨ ਨਾਲ ਹਲਕੀ ਹੋ ਸਕਦੀ ਹੈ ਯਾ ਮਿਟ ਸਕਦੀ ਹੈ—ਪਰ ਸਾਡੇ ਮਨ ਦੀਆਂ ਡੂੰਘੀਆਂ ਤੈਹਾਂ ਅਥਵਾ 'ਅੰਤਿਸ਼ਕਰਨ' ਵਿਚ ਧਸੀ, ਵਸੀ ਹੋਈ 'ਰੰਗਤ' ਤਾਂ 'ਜੀਵਨ-ਰੂਪ' ਅਥਵਾ ਸਾਡੀ 'ਸ਼ਖਸੀਅਤ' ਹੀ ਬਣ ਜਾਂਦੀ ਹੈ ਜਿਸ ਨੂੰ ਬਦਲਣਾ ਅਤਿ ਕਠਿਨ ਹੈ ।

ਇਸ ਤਰ੍ਹਾਂ ਅਸੀਂ ਅੰਤਿਸ਼ਕਰਨ ਦੀ ਮਲੀਨ 'ਰੰਗਤ' ਦੀ 'ਕੁਸੰਗਤ' ਦਿਨ-ਰਾਤ ਕਰਦੇ ਰਹਿੰਦੇ ਹਾਂ ਜਿਸ ਦਾ 'ਪ੍ਰਤਿਬਿੰਬ' ਸਾਡੇ ਜੀਵਨ ਦੇ ਹਰ ਪੱਖ ਵਿਚ ਅਵਸ਼ ਪ੍ਰਗਟ ਹੁੰਦਾ ਹੈ ਅਤੇ ਅਸੀਂ ਬੇਵੱਸ ਹੋ ਕੇ ਉਸੇ ਪੁਰਾਣੀ ਰੰਗਤ ਦੀ ਰੋੜ੍ਹ ਵਿਚ ਰੁੜ੍ਹੇ ਜਾਂਦੇ ਹਾਂ ।

ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ ॥ (ਪੰਨਾ-658)

ਨਾਥ ਕਛੂਅ ਨ ਜਾਨਉ ॥
ਮਨੁ ਮਾਇਆ ਕੈ ਹਾਥਿ ਬਿਕਾਨਉ ॥ (ਪੰਨਾ-710)

ਗੋਰਖਨਾਥ ਦਾ ਗੁਰੂ ਮਛੰਦਰਨਾਥ, ਜੋ ਜੋਗੀਆਂ ਦਾ ਸਿਰਤਾਜ ਸੀ ਅਤੇ ਰਿੱਧੀਆਂ ਸਿੱਧੀਆਂ ਦਾ ਮਾਲਕ ਸੀ—ਪਰ ਜਦੋਂ ਬਾਹਰਲੀ ਉਕਸਾਹਟ ਦੀ 'ਚੁਆਤੀ' ਲੱਗੀ ਤਾਂ ਉਸ ਦੀ ਅੰਤਿਸ਼ਕਰਨ ਦੀ 'ਰੰਗਤ' 'ਛਾਪਲੇ ਹੋਏ ਸੱਪ ਵਾਂਗ', ਫੁੰਕਾਰੇ ਮਾਰਨ ਲਗੀ, ਤੇ ਉਹ ਵਡੇਰੀ ਉਮਰ ਵਿਚ ਕਾਮੀ ਹੋ ਗਿਆ । ਜਿਸ ਦੀ ਵਜ੍ਹਾ ਨਾਲ ਗੋਰਖ ਨਾਥ ਨੂੰ ਵੀ ਸਿਰ ਨੀਵਾਂ ਕਰਨਾ ਪਿਆ ।

ਗੋਰਖ ਜੋਗੀ ਜਾਗਦਾ ਗੁਰਿ ਮਾਛਿੰਦ੍ਰ ਧਰੀ ਸੁ ਧਰੇਲਾ । (ਵਾ. ਭਾ. ਗੁ. 26/17)

ਗੋਰਖ ਜਤੀ ਸਦਾਇੰਦਾ ਤਿਸੁ ਗੁਰੁ ਘਰਿਬਾਰੀ । (ਵਾ. ਭਾ. ਗੁ. 38/7)

ਬਾਹਰਲੀ 'ਕੁਸੰਗਤ' ਤੋਂ ਤਾਂ ਅਸੀਂ ਕਿਸੇ ਉਪਾਉ ਦੁਆਰਾ ਬਚ ਸਕਦੇ ਹਾਂ ਯਾ ਅਲੇਪ ਰਹਿ ਸਕਦੇ ਹਾਂ—ਪਰ ਅੰਤਿਸ਼ਕਰਨ ਦੀ 'ਰੰਗਤ' ਦੀ 'ਕੁਸੰਗਤ' ਤੋਂ ਬਚਣਾ ਨਾਮੁਮਕਿਨ ਹੈ ਕਿਉਂਕਿ ਉਹ 'ਰੰਗਤ' ਤਾਂ ਸਾਡੇ ਅੰਦਰ ਰਵਿ ਰਹੀ ਭਰਪੂਰ ਅਤੇ ਸਮਾਈ ਹੋਈ ਹੈ ।

ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥
ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ ॥ (ਪੰਨਾ-855-56)

ਦੇਸੁ ਛੋਡਿ ਪਰਦੇਸਹਿ ਧਾਇਆ ॥
ਪੰਚ ਚੰਡਾਲ ਨਾਲੇ ਲੈ ਆਇਆ ॥ (ਪੰਨਾ-1348)

ਏਸੇ ਕਰਕੇ ਗੁਰਬਾਣੀ ਵਿਚ ਮਲੀਨ ਮਾਇਕੀ 'ਸੰਗਤ' ਤੋਂ ਬਚਣ ਦੀ ਤਾੜਨਾ ਕੀਤੀ ਗਈ ਹੈ ।

ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ ॥
ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ
ਮਨ ਤਿਨ ਕੈ ਨਿਕਟਿ ਨ ਭਿਟੀਐ ॥ (ਪੰਨਾ-170)

ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ ॥
ਜਿਸੁ ਮਿਲਿਐ ਹਰਿ ਵਿਸਰੈ ਪਿਆਰੇ
ਸੋ ਮੁਹਿ ਕਾਲੈ ਉਠਿ ਜਾਇ ॥ (ਪੰਨਾ-641)

ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥ (ਪੰਨਾ-811)

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ (ਪੰਨਾ-1369)

ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥ (ਪੰਨਾ-1369)

ਇਸ ਦੇ ਬਿਲਕੁਲ ਉਲਟ ਜੇ ਕਿਸੇ ਦਾ ਅੰਤਿਸ਼ਕਰਨ ਪਿਛਲੀ ਕਮਾਈ ਅਥਵਾ ਸਾਧਨਾ ਨਾਲ ਨਿਰਮਲ ਉਚਾ, ਸੁਚਾ, ਦੈਵੀ ਹੋਵੇ—ਪਰ ਹੁਣ 'ਕੁਸੰਗਤ' ਦੇ ਪ੍ਰਭਾਵ ਹੇਠ ਆਰਜ਼ੀ ਤੌਰ ਤੇ ਦੁਰਾਚਾਰੀ, ਠਗ, ਚੋਰ, ਡਾਕੂ ਭੀ ਬਣ ਜਾਵੇ, ਤਾਂ ਭੀ ਕਿਸੇ ਉਚੇ-ਸੁਚੇ ਜੀਵਨ ਵਾਲੇ ਗੁਰਮੁਖ ਦੀ ਸੰਗਤ ਨਾਲ 'ਅੰਤਿਸ਼ਕਰਨ' ਦੀ ਦੈਵੀ 'ਰੰਗਤ' ਮੁੜ ਜਾਗ ਪੈਂਦੀ ਹੈ, ਜੋ ਮਲੀਨ ਕਰਮਾਂ ਤੋਂ ਹੋੜਦੀ ਹੈ ਅਤੇ ਤਾੜਨਾ ਦੇਂਦੀ ਹੈ ਅਥਵਾ ਉਤਮ ਦੈਵੀ ਜੀਵਨ ਵਲ ਪ੍ਰੇਰਦੀ ਹੈ ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥
(ਪੰਨਾ-204)

ਇਸੇ ਕਰਕੇ ਇਤਿਹਾਸ ਵਿਚ ਬੇਅੰਤ ਸਾਖੀਆਂ ਹਨ, ਕਿ ਵਡੇ-ਵਡੇ ਚੋਰ, ਡਾਕੂ, ਦੁਰਾਚਾਰੀ ਭੀ ਉਤਮ ਦੈਵੀ ਸੰਗਤ ਦੁਆਰਾ ਛੇਤੀ ਹੀ 'ਉਲਟ' ਕੇ ਉਤਮ ਪੁਰਖ ਯਾ ਗੁਰਮੁਖ ਬਣ ਗਏ, ਜਿਵੇਂ ਕਿ—ਭੂਮੀਆ ਚੋਰ, ਸੱਜਣ ਠੱਗ, ਬਾਲਮੀਕੀ ਡਾਕੂ ਆਦਿ ।

ਗੁਰਮੁਖਿ ਹੋਵੈ ਸੁ ਪਲਟਿਆ ਹਰਿ ਰਾਤੀ ਸਾਜਿ ਸੀਗਾਰਿ ॥ (ਪੰਨਾ-785)

ਇਹਨਾਂ ਸਾਰਿਆਂ ਭਗਤਾਂ ਦੀ ਪਿਛਲੇ ਜਨਮਾਂ ਦੀ ਆਤਮਿਕ ਕਮਾਈ ਦੁਆਰਾ ਇਹਨਾਂ ਦੇ ਅੰਤਿਸ਼ਕਰਨ ਨਿਰਮਲ ਤੇ ਦੈਵੀ ਸਨ—ਜੋ ਉਹਨਾਂ ਦੇ ਨਵੇਂ ਜਨਮ ਵਿਚ ਉਹਨਾਂ ਦੀ ਗਿਰਾਵਟ ਵੇਲੇ ਸਹਾਈ ਹੋ ਕੇ ਉਹਨਾਂ ਨੂੰ ਬਚਾ ਲਿਆ ਅਤੇ ਮੁੜ ਦੈਵੀ ਜੀਵਨ ਪ੍ਰਦਾਨ ਹੋਇਆ ।

ਇਸੇ ਲਈ ਸਾਨੂੰ ਉਚੀ-ਸੁਚੀ ਦੈਵੀ 'ਸੰਗਤ' ਕਰਨ ਦੀ ਪ੍ਰੇਰਨਾ ਕੀਤੀ ਗਈ ਹੈ ।

ਭਾਈ ਰੇ ਸੰਤ ਜਨਾ ਕੀ ਰੇਣੁ ॥
ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥ (ਪੰਨਾ-18)

ਖੋਜਿ ਲਹਹੁ ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਏ ॥
ਨਾਨਕ ਤਿਨ ਮਿਲਿਆ ਸੁਰਿਜਨੁ ਸੁਖਦਾਤਾ ਸੇ ਵਡਭਾਗੀ ਮਾਏ ॥ (ਪੰ.-249)

ਸਾਧ ਕੈ ਸੰਗਿ ਨ ਬਿਰਥਾ ਜਾਵੈ ॥ (ਪੰਨਾ-272)

ਉਪਰਲੀ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਾਨੂੰ ਆਪਣੇ ਖਿਆਲਾਂ ਨੂੰ ਨਿਰਖਣ ਅਤੇ ਪਰਖਣ ਦੀ ਅਤਿ ਲੋੜ ਹੈ ।

ਇਸ ਨਿਰਨੇ ਤੋਂ ਬਗੈਰ ਅਸੀਂ ਸਹਿਜ-ਸੁਭਾਇ ਬੇਵੱਸ ਹੋ ਕੇ ਨੀਵੇਂ ਮਲੀਨ ਖਿਆਲਾਂ ਨੂੰ ਮੁੜ-ਮੁੜ ਦੁਹਰਾ ਕੇ ਅਥਵਾ 'ਕੁਸੰਗਤ' ਕਰਕੇ 'ਅੰਤਿਸ਼ਕਰਨ' ਨੂੰ ਹੋਰ ਮਲੀਨ ਕਰੀ ਜਾਂਦੇ ਹਾਂ । ਇਸੇ ਅੰਤਿਸ਼ਕਰਨ ਦੀ ਮਲੀਨ 'ਰੰਗਤ' ਦੇ ਕਾਰਣ ਇਸ ਜਨਮ ਵਿਚ ਨੀਵਾਂ ਜੀਵਨ ਬਤੀਤ ਕਰਦੇ ਹਾਂ ਅਤੇ ਅਗਲੇ ਜਨਮਾਂ ਵਿਚ ਭੀ 'ਨਰਕ ਮਈ ਜੀਵਨ' ਦਾ ਸਾਧਨ ਬਣਾਉਂਦੇ ਹਾਂ ।

ਕਿਰਤ ਕੇ ਬਾਧੇ ਪਾਪ ਕਮਾਵਹਿ ॥ (ਪੰਨਾ-1029)

ਕਿਰਤੁ ਓਨ੍ਾ ਕਾ ਮਿਟਸਿ ਨਾਹਿ ॥
ਓਇ ਅਪਣਾ ਬੀਜਿਆ ਆਪਿ ਖਾਹਿ ॥ (ਪੰਨਾ-1183)

ਇਸ ਦੇ ਉਲਟ ਉਚੇ ਸੁਚੇ ਦੈਵੀ ਭਾਵਨਾਵਾਂ ਵਾਲੇ ਖਿਆਲਾਂ ਦੀ 'ਸੰਗਤ' ਕਰਨ ਨਾਲ ਸਾਡਾ ਅੰਤਿਸ਼ਕਰਨ ਸ਼ੁਧ, ਨਿਰਮਲ, ਦੈਵੀ ਹੁੰਦਾ ਜਾਂਦਾ ਹੈ, ਜਿਸ ਦੇ ਪ੍ਰਭਾਵ ਹੇਠ ਓਪਰੀ ਮਲੀਨ ਕੁਸੰਗਤ ਦਾ ਅਸਰ ਸਾਡੇ ਮਨ ਦੇ ਉਤੋਂ ਦੀ ਲੰਘ ਜਾਂਦਾ ਹੈ ।

ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥ (ਪੰਨਾ-1373)

ਜਿਸ ਤਰ੍ਹਾਂ 'ਕੰਪਿਊਟਰ' (computer) ਵਿਚ ਪਾਏ ਆਂਕੜੇ (data) ਦੇ ਲਿਹਾਜ਼ ਨਾਲ ਅੰਤਕਾ ਨਤੀਜਾ (final result) ਨਿਕਲਣਾ ਲਾਜ਼ਮੀ ਹੈ—ਏਸੇ ਤਰ੍ਹਾਂ ਅੰਤਿਸ਼ਕਰਨ ਦੇ 'ਕੰਪਿਊਟਰ' ਵਿਚ ਪਾਏ ਚੰਗੇ-ਮਾੜੇ ਖਿਆਲਾਂ ਦੀ 'ਰੰਗਤ' ਦਾ ਨਤੀਜਾ ਨਿਕਲਣਾ ਅਵੱਸ਼ ਹੈ ।

ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ ॥ (ਪੰਨਾ-242)

ਜਿਸ ਤਰ੍ਹਾਂ ਮਿਟੀ ਦੀ ਚਾਟੀ ਵਿਚ ਅਚਾਰ ਦੇਰ ਤਾਂਈ ਰਖਿਆ ਜਾਵੇ ਤਾਂ ਉਸ ਅਚਾਰ ਦੀ 'ਬੋ' ਉਸ ਭਾਂਡੇ ਦੇ ਜ਼ੱਰੇ-ਜ਼ੱਰੇ ਵਿਚ 'ਰਸ' ਜਾਂਦੀ ਹੈ । ਭਾਂਡੇ ਨੂੰ ਖਾਲੀ ਕਰਨ ਅਤੇ ਚੰਗੀ ਤਰ੍ਹਾਂ ਸਾਫ਼ ਕਰਨ ਤੋਂ ਬਾਦ ਭੀ ਉਸ ਆਚਾਰ ਦੀ 'ਬੋ' ਭਾਂਡੇ ਵਿਚੋਂ ਨਹੀਂ ਨਿਕਲਦੀ, ਬਲਕਿ ਉਸ ਭਾਂਡੇ ਦੇ ਜੇ ਟੁਕੜੇ-ਟੁਕੜੇ ਭੀ ਹੋ ਜਾਣ ਤਾਂ ਭੀ ਹਰ ਕਣ ਵਿਚੋਂ ਉਸ ਆਚਾਰ ਦੀ 'ਬੋ' ਪ੍ਰਗਟ ਹੁੰਦੀ ਹੈ ।

ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ
ਕਿਆ ਕੋਈ ਕਰੇ ਵੇਚਾਰਾ ॥ (ਪੰਨਾ-449-50)

ਜਿਸ ਤਰ੍ਹਾਂ ਭਾਂਡੇ ਵਿਚ ਅਸੀਂ ਆਪਣੀ ਮਰਜ਼ੀ ਨਾਲ ਵਸਤੂ ਪਾਉਂਦੇ ਹਾਂ । ਉਸੇ

ਤਰ੍ਹਾਂ ਅੰਤਿਸ਼ਕਰਨ ਵਿਚ ਖਿਆਲਾਂ ਦੁਆਰਾ ਚੰਗੀ ਯਾ ਮਾੜੀ ਰੰਗਤ ਪਾਉਣੀ ਭੀ ਸਾਡੀ ਮਰਜ਼ੀ ਉਤੇ ਆਧਾਰਿਤ ਹੈ ।

ਇਸ ਲਈ 'ਅੰਤਿਸ਼ਕਰਨ' ਦੀ ਰੰਗਤ ਬਾਬਤ ਕਿਸੇ ਤੇ ਦੋਸ਼ ਨਹੀਂ ਲਾ ਸਕਦੇ, ਇਹ ਜੀਵ ਦੇ ਆਪਣੇ ਕਰਮ-ਕ੍ਰਿਆ ਅਤੇ ਖਿਆਲਾਂ ਤੇ ਆਧਾਰਿਤ ਹੈ ।

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ (ਪੰਨਾ-433)

ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥ (ਪੰਨਾ-474)

(ਚਲਦਾ........)